pstcl

# ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

ਰਜਿ:ਦਫਤਰ:ਪੀਐਸਈਬੀ ਹੈਡ ਆਫਿਸ, ਦੀ ਮਾਲ,ਪਟਿਆਲਾ-147001,ਪੰਜਾਬ,ਭਾਰਤ

**Corporate Identity Number: U40109PB2010SGC033814 (www.pstcl.org)**

(ਦਫਤਰ ਮੁੱਖ ਲੇਖਾ ਅਫ਼ਸਰ/ਵਿੱਤ ਅਤੇ ਆਡਿਟ, ਲੋਨ ਅਤੇ ਬੈਂਕਿੰਗ ਸ਼ਾਖਾ),

ਤੀਜੀ ਮੰਜਿਲ,ਸ਼ਕਤੀ ਸਦਨ, ਸਾਹਮਣੇ ਕਾਲੀ ਮਾਤਾ ਮੰਦਿਰ,ਪਟਿਆਲਾ

Fax /Ph. No.96461-21445 Email : ao-fa@pstcl.org

ਵੱਲ

ਸਮੂਹ ਡੀ.ਡੀ.ਓਜ,
ਅਧੀਨ ਪੀ.ਐਸ.ਟੀ.ਸੀ.ਐਲ।

ਮੀਮੋ ਨੰ....183................ ਮਿਤੀ....23-05-2024.

ਵਿਸ਼ਾ:- **ਬੈਂਕ ਰਿਕੰਸੀਲੇਸ਼ਨ ਸਟੇਟਮੈਂਟਸ (ਪ੍ਰਾਪਤੀ ਤੇ ਅਦਾਇਗੀ ਖਾਤੇ ਨਾਲ ਸਬੰਧਿਤ) ਸਮੇਂ ਸਿਰ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੀਐਸਟੀਸੀਐਲ ਅਧੀਨ ਸਮੂਹ ਡੀ.ਡੀ.ਓਜ ਨੂੰ ਇਸ ਦਫ਼ਤਰ ਵੱਲੋਂ ਬੀ.ਆਰ.ਐਸ ਰਿਕਾਰਡ (Payment and Collection Account) ਹਰ ਮਹੀਨੇ ਦੀ 10 ਤਰੀਖ ਨੂੰ ਇਸ ਦਫ਼ਤਰ ਵਿਖੇ ਭੇਜਣ ਸਬੰਧੀ ਪਹਿਲਾਂ ਵੀ ਕਈ ਵਾਰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਪ੍ਰੰਤੂ ਇਹ ਦੇਖਣ ਵਿੱਚ ਆਇਆ ਹੈ ਕਿ ਕਈ ਦਫ਼ਤਰਾਂ ਵੱਲੋਂ ਬੀ.ਆਰ.ਐਸ ਸਮੇਂ ਸਿਰ ਨਹੀਂ ਭੇਜਿਆਂ ਜਾਂਦੀਆਂ ਅਤੇ ਨਾ ਹੀ ਬੀ.ਆਰ.ਐਸ ਨਾਲ ਸੰਬਧਿਤ ਅਨੈਕਸਚਰ/ਦਸਤਾਵੇਜ਼ ਪੂਰੇ ਭੇਜੇ ਜਾਂਦੇ ਹਨ। ਇਸ ਕਾਰਨ ਇਸ ਦਫ਼ਤਰ ਵਿੱਚ ਬੀ.ਆਰ.ਐਸ ਦਾ ਮਿਲਾਣ ਕਰਨ ਵਿੱਚ ਕਾਫੀ ਮੁਸ਼ਿਕਲ ਪੇਸ਼ ਆਉਂਦੀ ਹੈ। ਇਸ ਲਈ ਸਮੂਹ ਡੀ.ਡੀ.ਓਜ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੈਂਕ ਮਿਲਾਨ ਸਾਰਣੀਆਂ ਹਰ ਪਾਸੋਂ ਮੁਕੰਮਲ ਕਰਕੇ ਸਮੇਂ ਸਿਰ ਭੇਜਣਾ ਯਕੀਨੀ ਬਣਾਇਆ ਜਾਵੇ, ਤਾਂ ਜ਼ੋ ਇਸ ਦਫ਼ਤਰ ਵੱਲੋਂ ਸਬੰਧਤ ਰਿਕਾਰਡ/BRS ਨੂੰ ਚੰਗੀ ਤਰਾਂ ਚੈਕ ਕੀਤਾ ਜਾ ਸਕੇ ਜੀ। ਪਿਛਲੇ ਕੁਝ ਸਮੇਂ ਤੋਂ ਕਈ ਡੀ.ਡੀ.ਓਜ ਵੱਲੋਂ ਬੀ.ਆਰ.ਐਸ ਨਾਲ ਸਬੰਧਿਤ ਪੂਰਾ ਰਿਕਾਰਡ ਇਸ ਦਫ਼ਤਰ ਨੂੰ ਨਹੀਂ ਭੇਜਿਆ ਜਾ ਰਿਹਾ, ਜਿਸ ਦਾ ਉਚ ਅਧਿਕਾਰੀਆਂ ਵੱਲੋਂ ਗੰਭੀਰਤਾ ਨਾਲ ਨੋਟਿਸ ਲਿਆ ਗਿਆ ਹੈ।

ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ (ਪਿਛਲੇ ਮਹੀਨੇ ਨਾਲ ਸਬੰਧਿਤ) ਬੈਂਕ ਰਿਕੰਸੀਲੇਸ਼ਨ ਸਟੇਟਮੈਂਟਸ (ਪ੍ਰਾਪਤੀ ਤੇ ਅਦਾਇਗੀ ਖਾਤੇ ਨਾਲ ਸਬੰਧਿਤ) ਹਰ ਮਹੀਨੇ ਦੀ 10 ਤਰੀਖ ਤੱਕ ਭੇਜੇ ਜਾਣ। ਇਸ ਤੋਂ ਇਲਾਵਾ ਅਦਾਇਗੀ ਖਾਤੇ ਨਾਲ ਸਬੰਧਿਤ ਦਸਤਾਵੇਜ਼ ਜਿਵੇਂ ਕਿ:-

1. ਬੀ.ਆਰ.ਐਸ
2. ਚੈਕ ਡਰਾਅਨ ਸਟੇਟਮੈਂਟ
3. ਬੈਂਕ ਸਟੇਟਮੈਂਟ
4. ਹੈਡ ਆਫਿਸ ਵੱਲੋਂ ਟਰਾਂਸਫਰ ਕੀਤੇ ਫੰਡਜ ਦੀ ਲਿਸਟ (ਸਮੇਤ ਟੀ.ਈ.ਓ)
5. ਸਟੇਲ ਚੈਕ

ਚੱਲਦਾ ਪੰਨਾ...2...

6. Fund Utilization Statement
7. ਲੋੜੀਂਦੇ ਸਰਟੀਫਿਕੇਟ:-ਸਟੈਚੂਰੀ ਸਟੇਟਮੈਂਟ ਨਾਲ ਸਬੰਧਿਤ, RTGS/NEFT ਰਾਹੀਂ ਠੇਕੇਦਾਰਾਂ ਨੂੰ ਕੀਤੀ ਅਦਾਇਗੀਆਂ, Cash withdrawl Statement ਸਮੇਤ ਸਾਰੇ ਦਸਤਾਵੇਜ਼ ਬੀ.ਆਰ.ਐਸ ਨਾਲ ਭੇਜੇ ਜਾਣ।

ਇਸੇ ਤਰਾਂ ਪ੍ਰਾਪਤੀ ਖਾਤੇ ਨਾਲ ਸਬੰਧੀ ਦਸਤਾਵੇਜ਼ ਜਿਵੇਂ ਕਿ:-

1. ਬੀ.ਆਰ.ਐਸ
2. ਪੇ ਇੰਨ ਸਲਿਪ
3. ਬੈਂਕ ਸਟੇਟਮੈਂਟ
4. ਸਾਰੇ ਜਮਾਂ ਕਰਵਾਏ ਗਏ ਫੰਡਜ ਮੇਨ ਖਾਤੇ ਵਿੱਚ ਜਮਾਂ ਕਰਵਾਉਣ ਸਬੰਧੀ ਸਰਟੀਫਿਕੇਟ ਸਮੇਤ ਸਾਰੇ ਦਸਤਾਵੇਜ਼ ਬੀ.ਆਰ.ਐਸ ਨਾਲ ਭੇਜੇ ਜਾਣ।

ਇਹ ਰਿਕਾਰਡ ਇਸ ਦਫ਼ਤਰ ਦੀ email.ids:- ao-fa@pstcl.org ਅਤੇ sas-banking@pstcl.org ਤੇ ਭੇਜਣਾ ਯਕੀਨੀ ਬਣਾਇਆ ਜਾਵੇ। **ਬੀ.ਆਰ.ਐਸ ਸਬੰਧੀ ਉਪਰੋਕਤ ਦਰਸਾਏ ਦਸਤਾਵੇਜਾਂ ਦਾ complete ਰਿਕਾਰਡ ਮਹੀਨੇ ਦੀ 10 ਤਰੀਕ ਤੱਕ ਨਾ ਪ੍ਰਾਪਤ ਹੋਣ ਦੀ ਸੂਰਤ ਵਿੱਚ ਸਬੰਧਿਤ ਦਫ਼ਤਰ ਦੇ ਫੰਡਜ ਅਗਲੇ ਦਿਨ block ਕਰ ਦਿੱਤੇ ਜਾਣਗੇ ਅਤੇ ਕਾਰਪੋਰੇਸ਼ਨ ਨੂੰ ਵਿੱਤੀ ਨੁਕਸਾਨ ਹੋਣ 'ਤੇ ਸਬੰਧਿਤ DDO ਦੀ ਜਿੰਮੇਵਾਰੀ ਹੋਵੇਗੀ।**

ਇਹ ਪੱਤਰ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ਜੀ।

23/5/24.

ਲੇਖਾ ਅਫ਼ਸਰ/ਲੋਨ ਅਤੇ ਬੈਂਕਿੰਗ,
ਪੀਐਸਟੀਸੀਐਲ, ਪਟਿਆਲਾ।